# ਮਹੀਨਾਵਾਰ ਟੈਸਟ, ਨਵੰਬਰ-2010
## ਵਿਸ਼ਾ : ਪੰਜਾਬੀ, ਜਮਾਤ : ਛੇਵੀਂ

**ਸਮਾਂ:** 40 **ਮਿੰਟ** **ਕੁਲ ਅੰਕ:** 20

**ਪ੍ਰ:1 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਦੇ ਉੱਤਰ ਸੰਖੇਪ ਵਿੱਚ ਦਿਉ:-** (1×4=4)

(ੳ) ਦੁਰਘਟਨਾਵਾਂ ਹੋਣ ਦੇ ਕੀ ਕਾਰਨ ਹਨ?
(ਅ) ਦੁਰਘਟਨਾਵਾਂ ਨੂੰ ਰੋਕਣ ਲਈ ਸਾਨੂੰ ਕੀ ਸਾਵਧਾਨੀ ਵਰਤਣੀ ਚਾਹੀਦੀ ਹੈ?
(ੲ) ਪਿਆਸ ਨਾਲ ਬੁਰੇ ਹਾਲ ਹੋਈ ਦਰੋਪਤੀ ਨੇ ਕੀ ਕਿਹਾ?
(ਸ) ਧਰਤੀ ਦੇ ਸੀਨੇ ਵਿੱਚ ਕੀ ਕੁਝ ਪਿਆ ਹੈ?
(ਹ) ਸੂਰਜ ਧਰਤੀ ਦਾ ਮੁੱਖੜਾ ਕਿਵੇਂ ਰੁਸ਼ਨਾਉਂਦਾ ਹੈ?

**ਪ੍ਰ:2 ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿੱਚ ਵਰਤੋਂ:-** (2×1=2)

1. ਭਿਆਨਕ
2. ਨਿਯਮ
3. ਬੇਹਾਲ
4. ਤਰੱਕੀ

**ਪ੍ਰ:3 ਖਾਲੀ ਥਾਵਾਂ ਵਿੱਚ ਢੁੱਕਵੇਂ ਸ਼ਬਦ ਭਰੋ:-** (1×5=5)

(ੳ) ਦੀਪ ਨੂੰ ........... ਵਿੱਚ ਛੁੱਟੀਆਂ ਹੋ ਗਈਆਂ ਸਨ।
(ਅ) ਪਿੰਡਾਂ ਵਿੱਚ ਤਾਂ ਹੁਣ ............... ਸੜਕਾਂ ਬਣ ਗਈਆਂ ਨੇ।
(ੲ) ............. ਕੇ ਨੱਚਦੇ-ਟੱਪਦੇ ਉਹ ਵਾਪਸ ਮੁੜੇ।
(ਸ) ਅਗਲੇ ਦਿਨ ਉਹਨਾਂ ਨੇ ਦਰਿਆ ਵਿੱਚ ਲੱਗੀ .......... ਦੇਖੀ।
(ਹ) ਸਭ ਨੇ ਰਲ ਕੇ .................. ਮੌਜ-ਮਸਤੀ ਕੀਤੀ।

**ਪ੍ਰ:4 ਹੇਠ ਲਿਖੇ ਸ਼ਬਦ-ਜੋੜਿਆਂ ਨੂੰ ਮਿਲਾਉ:-** (1×5=5)

| | |
|---|---|
| ਸੰਤੋਖ | ਚੁੱਪ |
| ਅਰੋਗਤਾ | ਹਲੀਮੀ |
| ਖਾਮੋਸ਼ | ਰੋਣ-ਪਿੱਟਣ |
| ਨਿਮਰਤਾ | ਸਬਰ |
| ਵਿਰਲਾਪ | ਤੰਦਰੁਸਤੀ |

**ਪ੍ਰ:5 ਵਿਸ਼ਰਾਮ ਚਿੰਨ੍ਹ ਲਗਾਉ:-** (2×2=4)

(ੳ) ਮੇਰੇ ਜੁਮੈਟਰੀ ਬਾਕਸ ਵਿੱਚ ਦੋ ਪੈੱਨ,
ਇੱਕ ਪੈਨਸਿਲ, ਇੱਕ ਰਬੜ ਅਤੇ ਇੱਕ ਫੁੱਟਾ ਹੈ।
(ਅ) ਅਧਿਆਪਕ ਨੇ ਵਿਦਿਆਰਥੀਆਂ ਨੂੰ ਕਿਹਾ
ਸਦਾ ਸੱਚ ਬੋਲੋ ਕਦੀ ਝੂਠ ਨਾ ਬੋਲੋ।